# Video Course / Live Tutor
# For Board Exams

PLUTUS Academy

From early adopters of new technology in field of Under class 10th education and 10 to 12th Education. Plutus Academy has helped large number of students during their career. May it be for UPSC and Banking exams or Online tuition for class 6 to 12th.
Video courses for class 6 to 12th constitutes Syllabus wise topics with about 300-500 Video lectures for each class, Sample Papers , Quiz , Sample Papers with solutions , Previous year question papers of board exam (applicable for class 10th and 12th)
Teaching of subjects according to Marking scheme and Blue print of CBSE.
We offer these courses in two variants


1. **Online**
2. **Pen drive**

Online module is accessible through INTERNET where as Pen-drive module is accessible without Internet. In both these modules you also get to access doubt clearing classes conducted Online on every week end. Students also get a panel to ask question and eminent faculties reply them through that.

## What you get?




## Available Courses




To Purchase Visit : http://plutusacademy.com/online-tutor/

For Any Query : Call us at +9718552212, 0120-430-89-58

Email us : info@plutusacademy.com

https://studymaterial.oureducation.in/

http://onlinekhanmarket.com/

https://studymaterial.oureducation.in/ Check Demo http://plutusacademy.com/online-tutor/

# ਨਮੂਨੇ ਦਾ ਪ੍ਰਸ਼ਨ ਪੱਤਰ

## ਪੰਜਾਬੀ

## 004

## ਦੱਸਵੀਂ (X)

*Time allowed : 3 hours*
ਸਮਾਂ 3 ਘੰਟੇ

*Maximum Marks : 80*
ਅੰਕ 80

(1) ਪੜ੍ਹਨ-ਕੌਸ਼ਲ—

1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ— 2+2+2+2+1=9

ਅੱਜ ਦਾ ਮਨੁੱਖ ਪੈਸੇ ਦੇ ਪਿੱਛੇ ਅੰਨ੍ਹੇਵਾਹ ਦੌੜੀ ਜਾ ਰਿਹਾ ਹੈ। ਪੰਜ ਰੁਪਏ ਮਿਲਣ ਤਾਂ ਦੱਸ, ਦੱਸ ਮਿਲਣ ਤਾਂ ਸੌ ਅਤੇ ਸੌ ਮਿਲਣ ਤੇ ਹਜ਼ਾਰ ਦੀ ਇੱਛਾ ਲਈ ਉਹ ਅੰਨ੍ਹੀ ਦੌੜ ਵਿੱਚ ਸ਼ਾਮਲ ਹੈ। ਇਸ ਦੌੜ ਦਾ ਕੋਈ ਅੰਤ ਨਹੀਂ। ਪੈਸੇ ਦੀ ਇਸ ਦੌੜ ਵਿੱਚ ਸਾਰੇ ਮਾਣ ਅਤੇ ਪਰਿਵਾਰਕ ਸੰਬੰਧ ਪਿੱਛੇ ਰਹਿ ਗਏ ਹਨ। ਮਨੁੱਖ ਆਪਣੇ ਪਰਾਏ ਦੇ ਭੇਦ-ਭਾਵ ਨੂੰ ਭੁੱਲ ਹੀ ਗਿਆ ਹੈ। ਉਸ ਦੇ ਕੋਲ ਆਪਣੇ ਬੱਚਿਆਂ ਲਈ, ਪਤਨੀ ਲਈ ਅਤੇ ਮਾਂ-ਬਾਪ ਲਈ ਕੋਈ ਸਮਾਂ ਨਹੀਂ ਹੈ। ਪੈਸੇ ਲਈ ਪੁੱਤਰ ਦਾ ਪਿਓ ਦੇ ਨਾਲ, ਧੀ ਦਾ ਮਾਂ ਦੇ ਨਾਲ ਅਤੇ ਪਤੀ ਦਾ ਪਤਨੀ ਨਾਲ ਝਗੜਾ ਹੋ ਰਿਹਾ ਹੈ। ਭਰਾ, ਭਰਾ ਦੇ ਖ਼ੂਨ ਦਾ ਪਿਆਸਾ ਹੈ। ਪੈਸੇ ਲਈ ਲੋਭ ਮਨੁੱਖ ਨੂੰ ਕਈ ਤਰ੍ਹਾਂ ਦੇ ਘਿਣੌਣੇ ਅਪਰਾਧ ਕਰਨ ਲਈ ਉਕਸਾ ਰਿਹਾ ਹੈ। ਇਹ ਲੋਭ ਦਾ ਹੀ ਨਤੀਜਾ ਹੈ, ਥਾਂ-ਥਾਂ 'ਤੇ ਕਤਲ, ਲੁੱਟ-ਖਸੁੱਟ, ਅਪਹਰਨ ਅਤੇ ਚੋਰੀ, ਡਕੈਤੀ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਇਸ ਰੋਗੀ ਮਾਨਸਿਕਤਾ ਨੂੰ ਬਦਲਣ ਦੇ ਲਈ ਸਾਨੂੰ ਹਰ ਪੱਧਰ 'ਤੇ ਯਤਨ ਕਰਨੇ ਹੋਣਗੇ।

(ੳ) ਪੈਸੇ ਦਾ ਲੋਭ ਮਨੁੱਖ ਤੋਂ ਕੀ ਕਰਵਾਉਂਦਾ ਹੈ?

(ਅ) ਉਪਰੋਕਤ ਦਿੱਤੀ ਗਈ ਦੌੜ ਵਿੱਚ ਕਿਹੜੇ ਸੰਬੰਧ ਪਿੱਛੇ ਰਹਿ ਗਏ ਹਨ?

(ੲ) ਅੱਜ ਦਾ ਮਨੁੱਖ ਕਿਸ ਪਿੱਛੇ ਦੌੜ ਰਿਹਾ ਹੈ?

(ਸ) ਪੈਰ੍ਹੇ ਵਿੱਚ ਕਿਹੜੇ-ਕਿਹੜੇ ਸਮਾਸੀ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ?

(ਹ) ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

2. ਹੇਠ ਲਿਖੇ ਕਵਿਤਾ ਦੇ ਪੈਰ੍ਹੇ ਨੂੰ ਪੜ੍ਹਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ— 2x3-6

ਕੁੱਝ ਸਾਹ ਉਧਾਰੇ ਦੇਦੇ ਅੰਮੀਏ,
ਮੈਂ ਜੱਗ ਵੇਕਣ ਦੀ ਚਾਹ ਰੱਖਦੀ ਹਾਂ।
ਤੇਰੀ ਮਮਤਾ ਦੀ ਅੱਗ ਕਿੰਨੀ ਏ,
ਮੈਂ ਅੱਗ ਸੇਕਣ ਦੀ ਚਾਹ ਰੱਖਦੀ ਹਾਂ।
ਦੱਸ ਭਲਾ ਕਿਉਂ ਖੋਹਦੀ ਏ ਮੈਥੋਂ,
ਮੇਰੇ ਜਿਉਣ ਦਾ ਅਧਿਕਾਰ।
ਕੁੱਖ 'ਚ ਕਤਲ ਕਰਾਕੇ ਮੈਨੂੰ, ਦੱਸ ਭਲਾ ਕੀ ਵੱਟੇਗੀ।
ਆਪਣੇ ਰੂਪ ਦੀ ਦੁਸ਼ਮਣ ਬਣਕੇ, ਉਮਰਾਂ ਦੇ ਮਿਹਣੇ ਖੱਟੇਗੀ।



As submitted by the Committee of Courses Punjabi Anjali

https://t.me/joinchat/DPn4Cw9tFSKaDi0PFnXiHA https://chat.whatsapp.com/FLWzQbGYAIiLNVLlgmptMR

https://studymaterial.oureducation.in/ Check Demo http://plutusacademy.com/online-tutor/

(ੳ) ਇਸ ਕਵਿਤਾ ਵਿੱਚ ਕੌਣ ਆਪਣਾ ਦੁੱਖ ਸੁਣਾ ਰਿਹਾ ਹੈ?

(ਅ) ਬੱਚੀ ਕਿਹੜੀ ਅੱਗ ਸੇਕਣਾ ਚਾਹੁੰਦੀ ਹੈ?

(ੲ) ਮਾਂ ਬੱਚੀ ਤੋਂ ਕਿਹੜਾ ਅਧਿਕਾਰ ਖੋਂਹਦੀ ਹੈ?

(2) ਵਿਆਕਰਨ—

3. ਹੇਠ ਲਿਖੇ ਸਮਾਸੀ ਸ਼ਬਦਾਂ ਦੇ ਸਹੀ ਵਿਕਲਪ ਚੁਣੋ— 1x2=2

(1) ਨੇਤਰਾਂ ਦਾ ਦਾਨ

(ੳ) ਨੇਤਰੀ ਦਾਨ

(ਅ) ਨੇਤਰ-ਦਾਨ

(ੲ) ਨੇਤਰ-ਦਾਨੀ

(ਸ) ਨੇਤਰਦਾਨ

(2) ਹੇਠ ਲਿਖੇ ਵਿਕਲਪਾਂ ਵਿਚੋਂ ਸਮਾਨਾਰਥਕ ਸਮਾਸੀ ਸ਼ਬਦ ਚੁਣੋ—

(ੳ) ਵੈਰੀ-ਮਿੱਤਰ

(ਅ) ਵੈਰੀ-ਦੁਸ਼ਮਣ

(ੲ) ਸੱਚ-ਝੂਠ

(ਸ) ਖੁਸ਼-ਖ਼ਬਰੀ

4. (1) ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਲਈ ਢੁੱਕਵਾਂ ਬਹੁ-ਅਰਥਕ ਸ਼ਬਦ ਭਰੋ— 1x3=3

ਸਿੱਟਾ, ਸਾਰ, ਮੁਕਾ, ਹਾਲ

(ੳ) ਕਹਾਣੀ ਦਾ....................ਸਾਰ ਲਿਖੋ।

(ਅ) ਮੈਂ ਆਪਣਾ ਕੰਮ.............ਲਿਆ ਹੈ।

(ੲ) ਉਹ ਮੈਨੂੰ ਵੇਖਦਿਆਂ..........ਹੀ ਦੌੜ ਗਿਆ।

(ਸ) ਮੇਰੀ ਕਿਸੇ ਨੇ................ਨਹੀਂ ਲਈ।

(2) 'ਜਾਗ' ਸ਼ਬਦ ਦਾ ਬਹੁ-ਅਰਥਕ ਸ਼ਬਦ ਚੁਣੋ—

(ੳ) ਜਾਗਣਾ, ਜਗਰਾਤਾ

(ਅ) ਬੇਫ਼ਿਕਰ, ਲਾਪਰਵਾਹ

(ੲ) ਸੌਣਾ, ਹੋਸ਼ ਵਿੱਚ ਆਉਣਾ

(ਸ) ਨੀਂਦ ਖੁੱਲ੍ਹਣੀ, ਦਹੀਂ ਜਮਾਉਣਾ, ਸੁਚੇਤ ਹੋਣਾ

5. ਹੇਠ ਲਿਖੇ ਵਾਕਾਂ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ— 1x3=3

(1) ਅਸੀਂ ਭ੍ਰਿਸ਼ਟਾਚਾਰ ਨੂੰ ਕਿਵੇਂ ਰੋਕ ਸਕਦੇ ਹਾਂ ਲੋਕਾਂ ਨੇ ਨੇਤਾ ਨੂੰ ਪੁੱਛਿਆ

(2) ਪਿਤਾ ਨੇ ਕਿਹਾ ਬੱਚਿਓ ਮਿਹਨਤ ਕਰੋ ਜੇ ਤੁਸੀਂ ਜਿੰਦਗੀ ਵਿੱਚ ਤਰੱਕੀ ਚਾਹੁੰਦੇ ਹੋ

(3) ਸ਼ਾਬਾਸ਼ ਅੱਗੇ ਵਧਦੇ ਜਾਓ



https://t.me/joinchat/DPn4Cw9tFSKaDi0PFnXiHA https://chat.whatsapp.com/FLWzQbGYAIiLNVLlgmptMR

oureducation.in

https://studymaterial.oureducation.in/ Check Demo http://plutusacademy.com/online-tutor/

6. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋ— 1x3=3

(1) ਝੋਲੀ ਅੱਡਣਾ

(2) ਖੁਰਾ-ਖੋਜ ਮਿਟਾ ਦੇਣਾ

(3) ਕੰਨ ਤੇ ਜੂੰ ਨਾ ਸਰਕਣਾ

7. 'ਨਿਰ' ਅਤੇ 'ਪਰਮ' ਅਗੇਤਰ ਲਾ ਕੇ ਦੋ-ਦੋ ਸ਼ਬਦ ਲਿਖੋ। 1x2=2

8. (1) ਪਿਛੇਤਰ ਕਿਸ ਨੂੰ ਆਖਦੇ ਹਨ? ਉਦਾਹਰਨ ਸਹਿਤ ਦੱਸੋ। 1x2=2

(2) 'ਹੀਣ' ਅਤੇ 'ਸ਼ਾਲਾ' ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਲਿਖੋ।

(3) **ਲਿਖਣ-ਕੌਸ਼ਲ—**

9. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ— 10

(1) ਸੜਕ ਸੁਰੱਖਿਆਂ ਦੀ ਲੋੜ

ਨੁਕਤੇ — ਭੂਮਿਕਾ, ਆਵਾਜਾਈ ਦੇ ਸਾਧਨਾਂ ਵਿੱਚ ਵਾਧਾ, ਸੜਕਾਂ ਦੀ ਤਰਸਯੋਗ ਹਾਲਤ, ਅਨਪੜ੍ਹ ਅਤੇ ਨਸ਼ੇੜੀ ਚਾਲਕ, ਆਵਾਜਾਈ ਦੇ ਨਿਯਮਾਂ ਦਾ ਪਾਲਣ ਨਾ ਕਰਨਾ

ਜਾਂ

(2) ਕਰ ਮਜੂਰੀ ਖਾਹ ਚੂਰੀ

ਨੁਕਤੇ — ਭੂਮਿਕਾ, ਗੁਰਬਾਣੀ ਵਿੱਚ ਕਿਰਤ ਦਾ ਮਹਤੱਵ, ਵਿਹਲੜ ਅਤੇ ਕੰਮਚੋਰ, ਉੱਦਮ ਦਾ ਮਹੱਤਵ, ਰੱਬ ਵੀ ਹਿੰਮਤ ਕਰਨ ਵਾਲਿਆਂ ਦੇ ਨਾਲ

10. ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਪੱਤਰ ਲਿਖੋ— 8

(1) ਆਪਣੇ ਘਰ ਹੋਈ ਚੋਰੀ ਦੀ ਸੂਚਨਾ ਦੇਣ ਲਈ ਠਾਣੇ ਦੇ ਐੱਸ.ਐੱਚ.ਓ. ਨੂੰ ਇੱਕ ਪੱਤਰ ਲਿਖੋ।

ਨੁਕਤੇ — ਘਰ ਵਿੱਚ ਤਾਲਾ, ਕਿਸੇ ਤੇ

ਜਾਂ

(2) ਤੁਸੀਂ ਪ੍ਰਕਾਸ਼ਕ ਕੋਲੋਂ ਕੁੱਝ ਪੁਸਤਕਾਂ ਮੰਗਵਾਈਆਂ ਸਨ ਪਰ ਉਹ ਪੁਸਤਕਾਂ ਬੜੀ ਹੀ ਮਾੜੀ ਹਾਲਤ ਵਿੱਚ ਹਨ। ਪ੍ਰਕਾਸ਼ਕ ਨੂੰ ਸ਼ਿਕਾਇਤੀ ਪੱਤਰ ਲਿਖੋ।

ਨੁਕਤੇ — ਪੁਸਤਕਾਂ ਮਿਲ ਗਈਆਂ, ਜਿਲਦ ਫਟੀ ਹੋਈ, ਮਾੜੀ ਛਪਾਈ, ਤਿੰਨ ਪੁਸਤਕਾਂ ਸੂਚੀ ਅਨੁਸਾਰ ਨਹੀਂ, ਕਿਤਾਬਾਂ ਬਦਲ ਕੇ ਭੇਜੀਆਂ।

11. ਤੁਸੀਂ ਕੱਪੜੇ ਦੀ ਦੁਕਾਨ ਖੋਲ੍ਹੀ ਹੈ, ਉਸ ਲਈ ਆਕਰਸ਼ਕ ਇਸ਼ਤਿਹਾਰ ਤਿਆਰ ਕਰੋ। 7

ਜਾਂ




oureducation.in

https://t.me/joinchat/DPn4Cw9tFSKaDi0PFnXiHA https://chat.whatsapp.com/FLWzQbGYAIiLNVLlgmptMR

https://studymaterial.oureducation.in/ Check Demo http://plutusacademy.com/online-tutor/

ਹੇਠ ਲਿਖੀ ਤਸਵੀਰ ਨੂੰ ਵੇਖ ਕੇ 50 ਸ਼ਬਦਾਂ ਵਿੱਚ ਉਸ ਦਾ ਵਰਣਨ ਕਰੋ।



12. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ— 1x4=4

(ੳ) ਰਜਨੀ ਨੇ ਕਿਸ-ਕਿਸ ਦਾ ਬੈਗ ਫ਼ਰਸ਼ ਤੇ ਸੁੱਟਿਆ?

(ਅ) 'ਤੁਸੀਂ ਇਹ ਟੈਂਕੀ ਨਹੀਂ ਲਾ ਸਕਦੇ। ਮੈਂ ਤੁਹਾਨੂੰ ਇਹ ਟੈਂਕੀ ਨਹੀਂ ਲਾਣ ਦਿਆਂਗੀ।' ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ? ਕਹਾਣੀ 'ਦੁਸ਼ਮਣੀ' ਦੇ ਆਧਾਰ ਤੇ ਦੱਸੋ।

(ੲ) ਨੰਬਰ ਵਨ ਦੇ ਰੇਸ 'ਵਾਰਤਕ' ਦਾ ਵਾਰਤਕਕਾਰ ਕੌਣ ਹੈ?

(ਸ) ਪੰਜਾਬੀ ਲੋਕਗੀਤ ਕਿਸ ਦੀ ਤਸਵੀਰ ਪੇਸ਼ ਕਰਦੇ ਹਨ?

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਤੋਂ 35 ਸ਼ਬਦਾਂ ਵਿੱਚ ਦਿਓ— 2x6=12

(ੳ) ਮੀਨਾਕਸ਼ੀ ਨੇ ਮਾਪਿਆਂ ਤੋਂ ਮਾਫ਼ੀ ਕਿਉਂ ਮੰਗੀ?

(ਅ) ਚਿੜੀਆਘਰ ਦਾ ਅਫ਼ਸਰ ਕਿਸ ਗੱਲ ਲਈ ਹੈਰਾਨ ਹੋਇਆ ਤੇ ਉਸਨੇ ਸਾਰਿਆਂ ਨੂੰ ਕੀ ਕਿਹਾ?

(ੲ) ਅਰਚਨਾ ਅਤੇ ਵੰਦਨਾ ਦੀ ਆਪਸੀ ਲੜਾਈ ਕਿਉਂ ਹੋਈ ਅਤੇ ਉਹਨਾਂ ਦਾ ਸਮਝੌਤਾ ਕਿਸ ਨੇ ਕਰਵਾਇਆ?

(ਸ) ਬੀਬੀ ਭਾਨੀ ਜੀ ਨੂੰ 'ਗੁਰੂ ਮਹਿਲ' ਨਾਮ ਨਾਲ ਕਿਉਂ ਸੰਬੋਧਿਤ ਕੀਤਾ ਜਾਂਦਾ ਸੀ?

(ਹ) 1956 ਵਿੱਚ ਹੋਈਆਂ ਮੈਲਬੋਰਨ ਓਲੰਪਿਕ ਖੇਡਾਂ ਨੇ ਮਿਲਖਾ ਸਿੰਘ ਦੇ ਜੀਵਨ 'ਤੇ ਕੀ ਅਸਰ ਪਾਇਆ?

(ਕ) ਡਾਕਟਰ ਅਬਦੁੱਲ ਕਲਾਮ ਗੁਣਾਂ ਦੀ ਖਾਨ ਸਨ। ਸੰਖੇਪ ਵਿੱਚ ਲਿਖੋ।

14. ਬੇਬੇ ਰਾਮ ਭਜਨੀ 'ਇਕਾਂਗੀ' ਦੇ ਅਧਾਰ ਤੇ ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿੱਚ ਲਿਖੋ। 5

ਜਾਂ

'ਗ਼ਮ ਨੇ ਰਸੋਈ ਵਿੱਚੋਂ' ਕਵਿਤਾ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।



https://t.me/joinchat/DPn4Cw9tFSKaDi0PFnXiHA https://chat.whatsapp.com/FLWzQbGYAIiLNVLlgmptMR

https://studymaterial.oureducation.in/ Check Demo http://plutusacademy.com/online-tutor/

15. ਕਦਰਾਂ-ਕੀਮਤਾਂ 'ਤੇ ਅਧਾਰਿਤ— 4

'ਨਸ਼ੇ ਤੇ ਜੂਏ ਵਰਗੀਆਂ ਸਮਾਜਕ ਬੁਰਾਈਆਂ ਘਰ-ਪਰਿਵਾਰ ਨੂੰ ਤਬਾਹ ਕਰ ਦਿੰਦੀਆਂ ਹਨ।' ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ। ਆਪਣੇ ਸੁਝਾਅ ਇਕਾਂਗੀ 'ਬੇਬੇ ਰਾਮ ਭਜਨੀ' ਦੇ ਆਧਾਰ ਤੇ ਪੇਸ਼ ਕਰੋ।

oureducation.in



https://t.me/joinchat/ĐPn4Cw9tFSKaDi0PFnXiHA https://chat.whatsapp.com/FLWzQbGYAIiLNVLlgmptMR

# MARKING SCHEME- ਉੱਤਰ --ਪੱਤਰਿਕਾ

ਜਮਾਤ -- ਦਸਵੀਂ

ਵਿਸ਼ਾ -- ਪੰਜਾਬੀ

## I ਪੜ੍ਹਨ – ਕੌਸ਼ਲ

1. (ੳ) ਪੈਸੇ ਦਾ ਮੋਹ-ਮਨੁੱਖ ਤੋਂ ਘਿਨੌਣੇ ਅਪਰਾਧ ਕਰਵਾਉਂਦਾ ਹੈ ।
   (ਅ) ਮਾਨਵੀ ਅਤੇ ਪਰਿਵਾਰਕ ਸੰਬੰਧ ।
   (ੲ) ਪੈਸੇ ਪਿੱਛੇ ਅੰਨ੍ਹੇਵਾਹ ਦੌੜ ਰਿਹਾ ਹੈ ।
   (ਸ) ਥਾਂ-ਥਾਂ , ਲੁੱਟ - ਖਸੁੱਟ , ਭੇਦ-ਭਾਵ , ਮਾਂ-ਬਾਪ
   (ਹ) ਪੈਸੇ ਦੀ ਅੰਨ੍ਹੀ ਦੌੜ ਜਾਂ ਪੈਸੇ ਦਾ ਲੋਭ ਇੱਕ ਗੰਭੀਰ ਸਮੱਸਿਆ ਹੈ ।

2. (ੳ) ਅਣਜੰਮੀ ਧੀ
   (ਅ) ਮਾਂ ਦੀ ਮਮਤਾ ਦੀ
   (ੲ) ਬੱਚੀ ਦਾ ਇਸ ਦੁਨੀਆਂ ਵਿਚ ਆਉਣ ਅਤੇ ਜਿਉਣ ਦਾ ਅਧਿਕਾਰ

## (II) ਵਿਆਕਰਨ

3. (i) ਨੇਤਰਾਂ ਦਾ ਦਾਨ = ਨੇਤਰ - ਦਾਨ
   (ii) ਵੈਰੀ - ਦੁਸ਼ਮਣ

4. (i) ਸਾਰ
   (ii) ਨੀਂਦ - ਖੁਲ੍ਹਣੀ , ਦਹੀਂ ਜਮਾਉਣਾ , ਸੁਚੇਤ ਹੋਣਾ

5. (i) " ਅਸੀਂ ਭ੍ਰਿਸ਼ਟਾਚਾਰ ਨੂੰ ਕਿਵੇਂ ਰੋਕ ਸਕਦੇ ਹੈ , " ਨੇਤਾ ਨੇ ਪੁੱਛਿਆ ?
   (ii) ਪਿਤਾ ਨੇ ਕਿਹਾ , " ਬੱਚਿਓ , ਮਿਹਨਤ ਕਰੋ , ਜੇ ਤੁਸੀ ਜ਼ਿੰਦਗੀ ਵਿਚ ਤਰੱਕੀ ਚਾਹੁੰਦੇ ਹੋ ।"
   (iii) ਸ਼ਾਬਾਸ਼ ! ਅੱਗੇ ਵੱਧਦੇ ਜਾਓ ।



oureducation.in

6 . (i) ਝੋਲੀ ਅੱਡਣਾ - ਮੰਗਣਾ

(ii) ਖੁਰਾ - ਖੋਜ ਮਿਟਾ ਦੇਣਾ - ਖ਼ਤਮ ਕਰ ਦੇਣਾ ਜਾਂ ਤਬਾਹ ਕਰ ਦੇਣਾ

(iii) ਕੰਨ ਤੇ ਜੂੰ ਨਾ ਸਰਕਣਾ - ਕੋਈ ਅਸਰ ਨਾ ਹੋਣਾ

**ਵਾਕ - ਵਿਦਿਆਰਥੀ ਆਪਣੀ ਸੂਝ - ਬੂਝ ਅਨੁਸਾਰ ਲਿਖਣਗੇ |**

7 . (i) ਨਿਰ - ਨਿਰਮਲ , ਨਿਰਮਾਣ , ਨਿਰਜਲ , ਨਿਰਮੋਹਾ

ਪਰਮ - ਪਰਮਹੰਸ , ਪਰਮਵੀਰ , ਪਰਮਾਤਮਾ, ਪਰਮਾਰਥ

8 . (i) **ਪਿਛੇਤਰ** - ਜਦੋ ਕੋਈ ਸ਼ਬਦ ਮੂਲ ਸ਼ਬਦ ਦੇ ਪਿੱਛੇ ਲੱਗ ਕੇ ਕੋਈ ਨਵਾਂ ਸ਼ਬਦ ਬਣਾਵੇ ਜਿਸਦਾ ਕੋਈ ਅਰਥ ਹੋਵੇ ਉਸਨੂੰ ਪਿਛੇਤਰ ਆਖਦੇ ਹਨ ਜਿਵੇਂ : ਸ਼ਕਤੀ+ਸ਼ਾਲੀ= ਸ਼ਕਤੀਸ਼ਾਲੀ

(ii) ਹੀਣ - ਕਰਮਹੀਣ , ਗੁਣਹੀਣ, ਨੇਤਰਹੀਣ

## III . ਲਿਖਣ ਕੌਸ਼ਲ

9 . ਲੇਖ
10 . ਪੱਤਰ
11 . ਇਸ਼ਤਿਹਾਰ ਜਾਂ ਤਸਵੀਰ ਦੇਖ ਕੇ ਲਿਖਣਾ

} ਵਿਦਿਆਰਥੀ ਆਪਣੀ ਸੂਝ - ਬੂਝ ਅਨੁਸਾਰ ਲਿਖਣਗੇ |

12 . (i) ਰਜਨੀ ਨੇ ਆਪਣਾ ਤੇ ਆਪਣੀ ਸਹੇਲੀ ਪੂਜਾ ਦਾ ਬੈਗ ਫ਼ਰਸ਼ ਤੇ ਸੁੱਟਿਆ |

(ii) ਇਹ ਸ਼ਬਦ ਅਰਚਨਾ ਨੇ ਵੰਦਨਾ ਤੇ ਉਸਦੇ ਪਤੀ ਸੰਜੀਵ ਨੂੰ ਕਹੇ |

(iii) ਕੇ.ਐਲ. ਗਰਗ

(iv) ਪੰਜਾਬੀ ਸੱਭਿਆਚਾਰ

13 . (ੳ) ਆਪਣੇ ਜਨਮਦਿਨ ਦੀ ਤਿਆਰੀ ਲਈ ਮੀਨਾਕਸ਼ੀ ਮੰਮੀ-ਪਾਪਾ ਨਾਲ ਮਾਰਕੀਟ ਵਿੱਚ ਸੜਕ ਪਾਰ ਕਰਨ ਦੌਰਾਨ ਪਿੱਛੇ ਰਹਿ ਗਈ | ਉਧਰੋਂ ਉਸਨੇ ਈਅਰ ਫ਼ੋਨ ਲਾ ਰੱਖੇ ਸਨ | ਜਿਸ ਦੀ ਅਵਾਜ਼ ਵਿੱਚ ਹੋਰ ਕੁਝ ਵੀ





oureducation.in

https://studymaterial.oureducation.in/ Check Demo http://plutusacademy.com/online-tutor/

ਸੁਣਾਈ ਨਹੀਂ ਦਿੰਦਾ ਸੀ | ਆਪਣੀ ਇਸੇ ਆਦਤ ਕਾਰਣ ਉਸਦਾ ਐਕਸੀਡੈਂਟ ਹੋ ਜਾਂਦਾ ਹੈ | ਉਹ ਇਸ ਲਈ ਬਹੁਤ ਪਛਤਾਉਂਦੀ ਹੈ ਤੇ ਮਾਪਿਆਂ ਤੋਂ ਮਾਫ਼ੀ ਮੰਗਦੀ ਹੈ |

(ਅ) ਜਦੋ ਚਿੜੀਆ ਘਰ ਦੇ ਵੱਡੇ ਅਫ਼ਸਰ ਨੂੰ ਸਕੂਲ ਅੰਦਰ ਵਾਪਰੀ ਸਾਰੀ ਘਟਨਾ ਦਾ ਪਤਾ ਲੱਗਦਾ ਹੈ ਤਾਂ ਉਸਨੇ ਕਿਹਾ ਕਿ ਉਹ ਬਹੁਤ ਹੈਰਾਨ ਹੈ ਕਿ ਸੱਪ ਉਸ ਬਹਾਦਰ ਕੁੜੀ ਨੇ ਫੜਿਆ ਜੋ ਆਪ ਪੋਲੀਓ ਦੀ ਸ਼ਿਕਾਰ ਹੈ | ਦੂਸਰੀ ਵੱਡੀ ਗੱਲ ਇਹ ਹੈ ਕਿ ਉਸਦੇ ਮਨ ਅੰਦਰ ਜੀਵ - ਜੰਤੂਆਂ ਪ੍ਰਤੀ ਬਹੁਤ ਪਿਆਰ ਹੈ | ਉਸਨੂੰ ਪਤਾ ਹੈ ਕਿ ਸੱਪ ਸਾਡੇ ਦੁਸ਼ਮਣ ਨਹੀਂ , ਇਹ ਤਾਂ ਖ਼ਤਰਾ ਮਹਿਸੂਸ ਹੋਣ ਤੇ ਹੀ ਡੰਗ ਮਾਰਦੇ ਹਨ | ਬਹੁਤੇ ਲੋਕਾਂ ਨੂੰ ਇਹ ਪਤਾ ਨਹੀਂ ਕਿ ਇਸਦੇ ਜ਼ਹਿਰ ਤੋਂ ਅਨੇਕਾਂ ਲਾਭਕਾਰੀ ਦਵਾਈਆਂ ਬਣਦੀਆਂ ਹਨ|

(ੲ) ਵੰਦਨਾ ਤੇ ਸੰਜੀਵ ਨੇ ਆਪਣੀ ਛੋਟੀ ਟੈਂਕੀ ਦੀ ਥਾਂ ਵੱਡੀ ਟੈਂਕੀ ਰੱਖਣ ਲਈ ਜਿਵੇਂ ਹੀ ਛੱਤ ਤੇ ਜਾ ਕੇ ਕੰਮ ਆਰੰਭ ਕੀਤਾ ਤਾਂ ਉੱਥੇ ਅਰਚਨਾ ਵੀ ਆ ਗਈ | ਉਸਨੂੰ ਇਸ ਤਰ੍ਹਾਂ ਉਹਨਾਂ ਦਾ ਟੈਂਕੀ ਰੱਖਣਾ ਚੰਗਾ ਨਾ ਲੱਗਿਆ ਤੇ ਉਸਨੇ ਵੰਦਨਾ ਨਾਲ ਝਗੜਨਾ ਸ਼ੁਰੂ ਕਰ ਦਿੱਤਾ ਕਿਉਂਕਿ ਉਹ ਛੱਤ ਤੇ ਆਪਣਾ ਅਧਿਕਾਰ ਸਮਝਦੀ ਸੀ | ਵੰਦਨਾ ਤੇ ਸੰਜੀਵ ਨੇ ਉਸਨੂੰ ਬਹੁਤ ਸਮਝਾਇਆ ਪਰ ਉਹ ਇੱਕ ਨਾ ਮੰਨੀ | ਜਦੋ ਅਰਚਨਾ ਦਾ ਪਤੀ ਰਾਹੁਲ ਦਫ਼ਤਰ ਤੋਂ ਘਰ ਆਇਆ ਤਾਂ ਲੜਾਈ ਰੁਕਣ ਦੀ ਥਾਂ ਹੋਰ ਵੱਧ ਗਈ | ਉਸਨੇ ਪੁਲਿਸ ਨੂੰ ਫੋਨ ਕਰਕੇ ਬੁਲਾ ਲਿਆ | ਪੁਲਿਸ ਨੇ ਆ ਕੇ ਦੋਹਾਂ ਧਿਰਾਂ ਵਿੱਚ ਰਾਜ਼ੀਨਾਮਾ ਕਰਵਾ ਦਿੱਤਾ |

(ਸ) ਸਿੱਖ ਧਰਮ ਵਿੱਚ ਗੁਰੂ ਪਤਨੀ ਨੂੰ ਸਨਮਾਨ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ ਇਸ ਕਰਕੇ ਉਹਨਾਂ ਨੂੰ "ਗੁਰੂ ਕੇ ਮਹਿਲ " ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਸੀ | ਉਂਝ ਤਾਂ ਸਿੱਖ ਧਰਮ ਵਿੱਚ ਬਹੁਤ ਸਾਰੀਆਂ ਇਸਤਰੀਆਂ ਨੇ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਦਿੱਤਾ ਹੈ ਪਰ ਭਗਤੀ ਭਾਵ ਨਾਲ ਜੋ ਸਥਾਨ ਬੀਬੀ ਭਾਨੀ ਨੂੰ ਪ੍ਰਾਪਤ ਹੋਇਆ , ਉਹ ਹੋਰ ਕਿਸੇ ਨੂੰ ਵੀ ਪ੍ਰਾਪਤ ਨਹੀਂ ਹੋਇਆ |

(ਹ) 1956 ਵਿੱਚ ਮੈਲਬੌਰਨ ਦੀਆਂ ਉਲੰਪਿਕ ਖੇਡਾਂ ਵਿੱਚ ਮਿਲਖਾ ਸਿੰਘ ਭਾਰਤੀ ਟੀਮ ਵਿੱਚ ਚੁਣਿਆ ਗਿਆ | ਖੇਡਾਂ ਦੀ ਰੰਗ - ਬਰੰਗੀ ਤੇ ਵਿਸ਼ਾਲ ਦੁਨੀਆਂ ਦਾ ਅਸਲੀ ਪਤਾ ਉਸਨੂੰ ਮੈਲਬੌਰਨ ਜਾ ਕੇ ਲੱਗਾ | ਉਹ ਵਿਸ਼ਾਲ ਸਟੇਡੀਅਮ ਦੇਖ ਕੇ ਹੈਰਾਨ ਰਹਿ ਗਿਆ | ਭਾਵੇਂ ਉੱਥੇ ਉਹ ਦੌੜਾਂ ਵਿੱਚ ਹਾਰ ਗਿਆ ਪਰ ਅੱਗੇ ਤੋਂ ਜਿੱਤਣ ਲਈ ਨਵਾਂ ਉਤਸਾਹ ਲੈ ਕੇ ਆਇਆ |

oureducation.in



https://t.me/joinchat/DPn4Cw9tFSKaDi0PFnXiHA https://chat.whatsapp.com/FLWzQbGYAIiLNVLlgmptMR

(ਕ) ਡਾਕਟਰ ਅਬਦੁਲ ਕਲਾਮ ਤਿਆਗ ਦੀ ਮੂਰਤ ਸਨ | ਉਹਨਾਂ ਨੇ ਵਿਆਹ ਨਾ ਕਰਵਾ ਕੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੇ ਲੇਖੇ ਲਾ ਦਿੱਤੀ | ਉਹ ਸਾਦਗੀ ਪਸੰਦ ਇਨਸਾਨ ਸਨ| ਉਹ ਰਾਤ ਨੂੰ ਦੋ ਵਜੇ ਸੌਂ ਕੇ ਵੀ ਸਵੇਰੇ ਸਾਢੇ ਛੇ - ਸੱਤ ਵਜੇ ਉੱਠ ਜਾਂਦੇ ਸਨ | ਉਹਨਾਂ ਨੇ ਕਦੇ ਟੀ.ਵੀ ਨਹੀਂ ਵੇਖਿਆ ਸੀ | ਮੌਤ ਦੇ ਸਮੇਂ ਉਹਨਾਂ ਦੀਆਂ ਕੁਝ ਮਨਪਸੰਦ ਚੀਜ਼ਾਂ ਪ੍ਰਾਪਤ ਹੋਈਆਂ ਜਿਵੇਂ : ਕੁਝ ਕਿਤਾਬਾਂ , ਕੱਪੜੇ , ਵੀਨਾ , ਸੀ . ਡੀ ਪਲੇਅਰ ਤੇ ਲੈਪਟਾਪ | 2011 ਈਸਵੀ ਵਿੱਚ ਬਣੀ ਫਿਲਮ " ਆਈ ਐਮ ਕਲਾਮ " ਵਿੱਚ ਉਹਨਾਂ ਨੂੰ ਗਰੀਬਾਂ ਦਾ ਮਸੀਹਾ ਦਰਸਾਇਆ | ਉਹ ਆਖਦੇ ਸਨ ਕਿ ਆਤਮ ਸਨਮਾਨ ਆਤਮ ਨਿਰਭਰਤਾ ਦੇ ਨਾਲ ਆਉਂਦਾ ਹੈ |

14. **ਵੱਡੇ ਪ੍ਰਸ਼ਨ - ਉੱਤਰ** - ਵਿਦਿਆਰਥੀ ਆਪਣੀ ਸੂਝ - ਬੂਝ ਅਨੁਸਾਰ ਲਿਖਣਗੇ |

15. **ਕਦਰਾਂ-ਕੀਮਤਾਂ 'ਤੇ ਅਧਾਰਿਤ** - ਵਿਦਿਆਰਥੀ ਆਪਣੀ ਸੂਝ - ਬੂਝ ਅਨੁਸਾਰ ਲਿਖਣਗੇ |

oureducation.in